# Official Spokesperson's response to media queries regarding developments in Yemen

December 24, 2020

---

## ਯਮਨ ਅੰਦਰ ਦੇ ਘਟਨਾਕ੍ਰਮ ਸਬੰਧੀ ਮੀਡੀਆ ਦੇ ਪ੍ਰਸ਼ਨਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

24 ਦਸੰਬਰ, 2020

**ਯਮਨ ਅੰਦਰ ਦੇ ਘਟਨਾਕ੍ਰਮ ਸਬੰਧੀ ਮੀਡੀਆ ਦੇ ਪ੍ਰਸ਼ਨਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਤ ਬੁਲਾਰੇ ਸ਼੍ਰੀ ਅਨੁਰਾਗ ਸ੍ਰੀਵਾਸਤਵ ਨੇ ਕਿਹਾ:**

"ਰਿਆਧ ਸਮਝੌਤੇ ਤਹਿਤ ਯਮਨ ਅੰਦਰ ਸੱਤਾ ਸਾਂਝਾ ਕਰਨ ਵਾਲੀ ਕੈਬਨਿਟ ਦੇ ਬਣਨ ਦੇ ਸਕਾਰਾਤਮਕ ਘਟਨਾਕ੍ਰਮ ਦਾ ਭਾਰਤ ਸਵਾਗਤ ਕਰਦਾ ਹੈ। ਇਸ ਘਟਨਾਕ੍ਰਮ ਨੂੰ ਸੁਖਾਲਾ ਬਣਾਉਣ ਵਿੱਚ ਸਾਉਦੀ ਅਰਬ ਬਾਦਸ਼ਾਹੀ ਅਤੇ ਹੋਰਾਂ ਵੱਲੋਂ ਨਿਭਾਈ ਗਈ ਭੂਮਿਕਾ ਦੀ ਅਸੀਂ ਸ਼ਲਾਘਾ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਇੰਜ ਹੋਣਾ ਯਮਨ ਵਿੱਚ ਟਕਰਾਅ ਦਾ ਵਿਆਪਕ ਹੱਲ ਕੱਢਣ ਵਿੱਚ ਵੱਡਾ ਕਦਮ ਹੋਵੇਗਾ। ਅਸੀਂ ਯਮਨੀ ਸਮਾਜ ਦੇ ਸਾਰੇ ਵਰਗਾਂ ਦੇ ਸਮਾਵੇਸ਼ ਨਾਲ ਸਿਆਸੀ ਗੱਲਬਾਤ ਰਾਹੀਂ ਯਮਨ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਦੇ ਸਾਰੇ ਜਤਨਾਂ ਦੀ ਹਿਮਾਇਤ ਕਰਦੇ ਹਾਂ। "

**ਨਵੀਂ ਦਿੱਲੀ**

24 ਦਸੰਬਰ, 2020

DISCLAIMER: This is an approximate translation. The original is available in English on MEA's website and may be referred to as the official press release.